# ਮਜਦੂਰ ਤਸਕਰੀ ਪਹਿਚਾਨਣਾ ਅਤੇ ਰਿਪੋਰਟ ਕਰਨਾ

**osha.gov/workers**

## ਕੋਈ ਵੀ ਮਜ਼ਦੂਰ ਤਸਕਰੀ ਦਾ ਸ਼ਿਕਾਰ ਬਣ ਸਕਦਾ ਹੈ।

ਜੇ ਤੁਹਾਨੂੰ ਜ਼ੋਰ-ਜ਼ਬਰਦਸਤੀ, ਧੋਖੇ, ਜਾਂ ਧੱਕੇ ਨਾਲ ਕਿਸੇ ਦੁਆਰਾ ਵੀ ਕੰਮ, ਸੇਵਾਵਾਂ, ਜਾਂ ਕਮਰਸ਼ੀਅਲ ਸੈਕਸ ਲਈ ਬਹਿਲਾਇਆ, ਨਿਯੁਕਤ, ਜਾਂ ਟਰ੍ਰਾਂਸਪੋਰਟਕੀਤਾ ਜਾਂਦਾ ਹੈ, ਇਹ ਮਨੁੱਖੀ ਤਸਕਰੀ ਹੈ।

**ਮਜ਼ਦੂਰ ਤਸਕਰੀ ਨਿਸ਼ਾਨਾ ਬਣਾਉਂਦੀ ਹੈ:** ਗੈਰ-ਦਸਤਾਵੇਜ਼ੀ ਕਰਮਚਾਰੀ, ਅਸਥਾਈ ਵਿਦੇਸ਼ੀ ਕਰਮਚਾਰੀ, ਨਸ਼ੇ ਦੀ ਵ੍ਰਤੋਂ ਕਰਨ ਵਾਲੇ, ਮਾਨਸਿਕ ਸਿਹਤ ਨਾਲ ਜੂਝਣ ਵਾਲੇ, ਬੇਘਰ ਜਾਂ ਘਰੋਂ ਦੌੜੇ ਨੌਜਵਾਨ, ਅਤੇ ਵਿਅਕਤੀ ਜੋ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਹਨ।

ਮਜ਼ਦੂਰ ਤਸਕਰੀ ਦੇ ਲੱਛਣ:

- ਜ਼ਬਰਦਸਤੀ, ਧੋਖੇ, ਵਾਅਦਿਆਂ, ਜਾਂ ਮਨੋਵਿਗਿਆਨਿਕ ਕੰਟਰੋਲ ਵਰਤਣਾ
- ਤੁਹਾਨੂੰ ਲੰਬੇ ਸਮੇਂ ਤੱਕ ਕੰਮ ਕਰਨ ਜਾਂ ਅਸੁਰੱਖਿਅਤ ਕੰਮ ਕਰਨ ਲਈ ਜ਼ਬਰਦਸਤੀ ਕਰਨਾ
- ਤੁਹਾਨੂੰ ਬਹੁਤ ਘੱਟ ਅਦਾ ਕਰਨਾ ਜਾਂ ਬਿਲਕੁੱਲ ਨਾ ਕਰਨਾ, ਤਨਖਾਹ ਆਪਣੇ ਕੋਲ ਰੱਖ ਲੈਣਾ
- ਉਹ ਤੁਹਾਨੂੰ ਜਾਂ ਤੁਹਾਡੇ ਪਿਆਰਿਆਂ ਨੂੰ ਧਮਕਾ ਸਕਦੇ ਹਨ
- ਤੁਹਾਡੀ ਆਵਾਜਾਈ, ਘਰੇਲੂ ਹਾਲਾਤ, ਪੈਸਿਆਂ ਤੱਕ ਪਹੁੰਚ, ਜਾਂ ਤੁਸੀ ਕਿਸ ਨਾਲ ਗੱਲ ਕਰਦੇ ਹੋ ਉੱਤੇ ਨਿਯੰਤਰਨ ਕਰਨਾ, ਅਤੇ
- ਤੁਹਾਡੀ ਆਈਡੀ ਜਾਂ ਪਾਸਪੋਰਟ ਤੁਹਾਡੇ ਤੋਂ ਲੈ ਲੈਣਾ।

ਮਜ਼ਦੂਰ ਤੁਸਕਰੀ ਖੇਤੀਬਾੜੀ ਜਾਂ ਫਾਰਮ੍ਹ ਦੇ ਕੰਮ, ਉਸਾਰੀ, ਸਮੁੰਦਰੀ ਭੋਜਨ, ਲੈਂਡਸਕੇਪਿੰਗ, ਹੋਟਲਾਂ, ਰੈਸਟੋਰੈਂਟਾਂ, ਅਤੇ ਘਰੇਲੂ ਕੰਮ ਵਿੱਚ ਜ਼ਿਆਦਾ ਆਮ ਹੈ।

ਜੇ ਤੁਸੀ ਜਾਂ ਜਿਸਨੂੰ ਤੁਸੀ ਜਾਣਦੇ ਹੋ ਅਜਿਹੇ ਵਾਤਾਵ੍ਰਨ ਵਿੱਚ ਹੈ ਜਿੱਥੇ ਮਜ਼ਦੂਰ ਜਾਂ ਸੈਕਸ ਤਸਕਰੀ ਦਾ ਸ਼ੱਕ ਹੋਵੇ, 911 ਉੱਤੇ ਕਾਲ ਕਰੋ। ਤੁਸੀ ਜਾਂ ਜਿਸ ਉੱਤੇ ਤੁਸੀ ਭਰੋਸਾ ਕਰਦੇ ਹੋ ਰਾਸ਼ਟਰੀ ਮਨੁੱਖੀ ਤਸਕਰੀ ਹਾਟਲਾਈਨ (National Human Trafficking Hotline) ਨੂੰ 1-888-373-7888 ਨੂੰ ਕਾਲ ਕਰ ਸਕਦੇ ਹੋ; ਟੈਕਸਟ “BeFree” (233733) ਕਰੋ; ਜਾਂ LiveChat humantraffickinghotline.org ਕਰੋ।

OSHA® ਵਵਿਸਾਇਕ ਸੁਰੱਖਿਆ ਅਤੇ ਸਹਿਤ ਪ੍ਰਬੰਧਨ

OSHA 4338-08 2023 (Eastern Punjabi)